# COVID-19 ਵੈਕਸੀਨ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ

ਵੈਕਸੀਨਾਂ ਇੱਕੋ-ਇੱਕ ਵਿਗਿਆਨਕ ਸਫਲਤਾ ਹਨ ਜਿਨ੍ਹਾਂ ਦੀ ਔਸਤਨ ਸਭ ਤੋਂ ਲੰਬੀ ਜੀਵਨ ਦੀ ਸੰਭਾਵਨਾ ਹੁੰਦੀ ਹੈ।
**ਟੀਕਾਕਰਨ ਇਸ ਮਹਾਂਮਾਰੀ ਨੂੰ ਖਤਮ ਕਰਨ ਅਤੇ ਸਾਡੀ ਆਮ ਜ਼ਿੰਦਗੀ ਵਿੱਚ ਵਾਪਸ ਜਾਣ ਦਾ ਇੱਕੋ-ਇੱਕ ਤਰੀਕਾ ਹੈ।**
ਟੀਕੇ ਲਗਵਾ ਕੇ ਆਪਣੇ-ਆਪ ਨੂੰ, ਆਪਣੇ ਪਿਆਰਿਆਂ ਅਤੇ ਆਪਣੇ ਭਾਈਚਾਰੇ ਦੀ ਰੱਖਿਆ ਕਰੋ।

## ਮੈਨੂੰ ਟੀਕਾ ਕਿਉਂ ਲਗਵਾਉਣਾ ਚਾਹੀਦਾ ਹੈ?

COVID-19 ਦੀ ਲਾਗ ਦੇ ਨਤੀਜੇ ਵਜੋਂ ਕਿਸੇ ਵੀ ਉਮਰ ਦੇ ਬਿਮਾਰ ਅਤੇ ਸਿਹਤਮੰਦ ਲੋਕਾਂ ਦੀ ਮੌਤ ਹੋ ਸਕਦੀ ਹੈ।

ਭਾਵੇਂ ਜੇ ਕਿਸੇ ਵਿਅਕਤੀ ਦੀ COVID-19 ਕਰਕੇ ਮੌਤ ਨਹੀਂ ਹੁੰਦੀ ਹੈ, ਉਸ ਵਿੱਚ ਲੰਬੇ ਸਮੇਂ ਦੀਆਂ ਪੇਚੀਦਗੀਆਂ ਹੋ ਸਕਦੀਆਂ ਹਨ ਜਿਵੇਂ ਯਾਦਦਾਸ਼ਤ ਦੀ ਕਮੀ, ਥਕਾਵਟ, ਸਾਹ ਲੈਣ ਵਿੱਚ ਬਿਨਾਂ ਕਾਰਨ ਦੇ ਮੁਸ਼ਕਲ, ਅਤੇ ਫੇਫੜਿਆਂ ਅਤੇ ਦਿਲ ਨੂੰ ਨੁਕਸਾਨ। ਪਹਿਲਾਂ ਹੀ ਉਹਨਾਂ ਬਹੁਤ ਸਾਰੇ COVID-19 ਮਰੀਜ਼ਾਂ ਦੇ ਸਮਰਥਨ ਲਈ ਕਲੀਨਿਕ ਸਥਾਪਿਤ ਕੀਤੇ ਗਏ ਹਨ ਜੋ, ਹਾਲਾਂਕਿ ਇਸ ਵੇਲੇ ਲਾਗ-ਗ੍ਰਸਤ ਨਹੀਂ ਹਨ, ਕੰਮ 'ਤੇ ਵਾਪਸ ਨਹੀਂ ਜਾ ਸਕਦੇ ਹਨ ਜਾਂ ਸਧਾਰਨ ਜ਼ਿੰਦਗੀ ਜੀ ਨਹੀਂ ਸਕਦੇ ਹਨ।

## ਵੈਕਸੀਨ ਕਿਵੇਂ ਕੰਮ ਕਰਦੀ ਹੈ?

ਟੀਕਾ ਸਾਡੇ ਸਰੀਰ ਦੀ ਪ੍ਰਤਿਰੱਖਿਆ ਪ੍ਰਣਾਲੀ ਨੂੰ ਸਿਖਾਉਂਦਾ ਹੈ ਕਿ ਵਾਇਰਸ ਨਾਲ ਕਿਵੇਂ ਲੜਨਾ ਹੈ ਅਤੇ ਜੇ ਅਸੀਂ COVID-19 ਦੇ ਸੰਪਰਕ ਵਿੱਚ ਆਉਂਦੇ ਹਾਂ ਤਾਂ ਸਾਨੂੰ ਬਿਮਾਰ ਹੋਣ ਤੋਂ ਬਚਾਉਂਦਾ ਹੈ। ਵੈਕਸੀਨ ਕਰਕੇ ਸਾਨੂੰ COVID-19 ਨਹੀਂ ਹੋ ਸਕਦਾ ਹੈ।

## ਝੁੰਡ ਪ੍ਰਤਿਰੱਖਿਆ ਕੀ ਹੈ ਅਤੇ ਇਹ ਮਹੱਤਵਪੂਰਨ ਕਿਉਂ ਹੈ?

ਜੇ ਕਾਫ਼ੀ ਲੋਕਾਂ ਵਿੱਚ ਪ੍ਰਤਿਰੱਖਿਆ ਹੋਵੇ, ਤਾਂ ਵਾਇਰਸ ਦੇ ਫੈਲਣ ਦੀ ਸੰਭਾਵਨਾ ਘੱਟ ਹੁੰਦੀ ਹੈ। ਸਾਨੂੰ ਝੁੰਡ ਪ੍ਰਤਿਰੱਖਿਆ ਪ੍ਰਾਪਤ ਕਰਨ ਅਤੇ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਵਾਪਸ ਜਾਣ, ਕਾਰੋਬਾਰਾਂ ਨੂੰ ਦੁਬਾਰਾ ਖੋਲ੍ਹਣਾ, ਪਿਆਰਿਆਂ ਨੂੰ ਜੱਫੀ ਪਾਉਣ ਅਤੇ ਮਿਲਣ ਲਈ 70-80% ਆਬਾਦੀ ਨੂੰ ਟੀਕਾ ਲਗਾਉਣ ਦੀ ਲੋੜ ਹੈ।

## ਮੈਨੂੰ ਪਹਿਲਾਂ ਹੀ COVID-19 ਸੀ। ਕੀ ਮੈਨੂੰ ਫਿਰ ਵੀ ਟੀਕਾ ਲਗਵਾਉਣਾ ਚਾਹੀਦਾ ਹੈ?

ਭਾਵੇਂ ਤੁਹਾਨੂੰ ਪਹਿਲਾਂ COVID-19 ਸੀ, ਇਹ ਅਸਪਸ਼ਟ ਹੈ ਕਿ ਪ੍ਰਤਿਰੱਖਿਆ ਕਿੰਨੀ ਦੇਰ ਰਹੇਗੀ। ਕੀ COVID-19 ਦੁਬਾਰਾ ਹੋ ਸਕਦਾ ਹੈ। ਤੁਹਾਨੂੰ ਹਾਲੇ ਵੀ ਆਪਣੀ ਅਤੇ ਦੂਜਿਆਂ ਦੀ ਰੱਖਿਆ ਕਰਨ ਲਈ ਟੀਕਾ ਲਗਵਾਉਣਾ ਚਾਹੀਦਾ ਹੈ।

## ਕੀ ਟੀਕਾ ਲਗਵਾਉਣ ਦੇ ਬਾਅਦ ਵੀ ਮੈਨੂੰ ਮਾਸਕ ਪਹਿਨਣਾ ਅਤੇ ਦੂਰੀ ਬਣਾ ਕੇ ਰੱਖਣੀ ਪਵੇਗੀ?

ਹਾਂ। ਜਨਤਕ ਸਿਹਤ ਦੇ ਉਪਾਵਾਂ ਦਾ ਅਭਿਆਸ ਕਰਨਾ ਹਾਲੇ ਵੀ ਮਹੱਤਵਪੂਰਨ ਹੈ ਜਦੋਂ ਤੱਕ ਜ਼ਿਆਦਾਤਰ ਲੋਕਾਂ ਨੂੰ ਟੀਕਾ ਨਹੀਂ ਲਗਾਇਆ ਜਾਂਦਾ।

## ਮੈਨੂੰ ਟੀਕਾ ਲੱਗਣ ਤੋਂ ਬਾਅਦ ਬਿਮਾਰੀ ਤੋਂ ਸੁਰੱਖਿਅਤ ਬਣਨ ਵਿੱਚ ਕਿੰਨਾ ਸਮਾਂ ਲੱਗੇਗਾ?

ਟੀਕਾਕਰਨ ਤੋਂ ਬਾਅਦ ਸਰੀਰ ਨੂੰ ਪ੍ਰਤਿਰੱਖਿਆ ਦੇਣ ਲਈ ਦੂਜੀ ਖੁਰਾਕ ਤੋਂ ਬਾਅਦ 2 ਹਫ਼ਤਿਆਂ ਦਾ ਸਮਾਂ ਲੱਗਦਾ ਹੈ। ਕੋਈ ਵਿਅਕਤੀ ਟੀਕਾਕਰਨ ਤੋਂ ਠੀਕ ਪਹਿਲਾਂ ਜਾਂ ਥੋੜ੍ਹੀ ਦੇਰ ਬਾਅਦ ਵਾਇਰਸ ਨਾਲ ਲਾਗ-ਗ੍ਰਸਤ ਹੋ ਸਕਦਾ ਹੈ ਅਤੇ ਬਿਮਾਰ ਹੋ ਸਕਦਾ ਹੈ, ਕਿਉਂਕਿ ਵੈਕਸੀਨ ਨੂੰ ਸੁਰੱਖਿਆ ਮੁਹੱਈਆ ਕਰਨ ਲਈ ਲੋੜੀਂਦਾ ਸਮਾਂ ਨਹੀਂ ਮਿਲਿਆ ਸੀ।

## ਕੀ ਵੈਕਸੀਨ ਜਲਦਬਾਜ਼ੀ ਵਿੱਚ ਤਿਆਰ ਕੀਤੀ ਗਈ ਸੀ?

ਕੋਈ ਕਦਮ ਨਹੀਂ ਛੱਡਿਆ ਗਿਆ ਸੀ, ਅਤੇ ਸਾਰੀਆਂ ਸੁਰੱਖਿਆ ਪ੍ਰਕਿਰਿਆਵਾਂ ਦਾ ਪਾਲਣ ਕੀਤਾ ਗਿਆ ਸੀ। ਵੈਕਸੀਨਾਂ ਨੂੰ ਤਕਨੀਕੀ ਤਰੱਕੀਆਂ ਦੇ ਕਾਰਨ ਤੇਜ਼ੀ ਨਾਲ ਵਿਕਸਿਤ ਕੀਤਾ ਗਿਆ ਸੀ ਅਤੇ ਕਿਉਂਕਿ ਮਨਜ਼ੂਰੀ ਦੇ ਗੈਰ-ਡਾਕਟਰੀ ਹਿੱਸਿਆਂ ਨੂੰ (ਨੌਕਰਸ਼ਾਹੀ ਪ੍ਰਕਿਰਿਆਵਾਂ ਅਤੇ ਰਬੜ-ਮੋਹਰਾਂ) ਤੇਜ਼ੀ ਨਾਲ ਟਰੈਕ ਕੀਤਾ ਗਿਆ ਸੀ।

## ਕੀ ਮਾੜੇ ਪ੍ਰਭਾਵ ਹੁੰਦੇ ਹਨ?

COVID-19 ਟੀਕੇ ਦੇ ਮਾੜੇ ਪ੍ਰਭਾਵ ਹੋ ਸਕਦੇ ਹਨ, ਪਰ ਉਹ ਹਲਕੇ ਹੁੰਦੇ ਹਨ ਅਤੇ ਕੁਝ ਦਿਨਾਂ ਵਿੱਚ ਚਲੇ ਜਾਂਦੇ ਹਨ। ਸਭ ਤੋਂ ਆਮ ਮਾੜੇ ਪ੍ਰਭਾਵ ਹਨ ਮਾਸਪੇਸ਼ੀਆਂ ਵਿੱਚ ਦਰਦ, ਸਿਰ-ਦਰਦ, ਅਤੇ ਬੁਖ਼ਾਰ/ਠੰਡ।

ਟੀਕਾਕਰਨ ਤੋਂ ਬਾਅਦ ਕਿਸੇ ਵੀ ਸੰਭਾਵੀ ਐਲਰਜੀ ਵਾਲੀ ਪ੍ਰਤਿਕਿਰਿਆ ਲਈ ਤੁਹਾਡੀ ਨਿਗਰਾਨੀ ਕੀਤੀ ਜਾਵੇਗੀ।

## ਕੀ ਵੈਕਸੀਨ ਸੁਰੱਖਿਅਤ ਹੈ?

ਟੀਕਾਕਰਨ ਸੁਰੱਖਿਅਤ ਹੈ। ਇਹ ਬਿਮਾਰੀ ਹੋਣਾ ਅਤੇ ਸੰਭਾਵੀ ਤੌਰ 'ਤੇ ਲੰਬੇ ਸਮੇਂ ਦੇ ਮਾੜੇ ਪ੍ਰਭਾਵਾਂ ਦਾ ਸਾਹਮਣਾ ਕਰਨ ਨਾਲੋਂ ਟੀਕਾਕਰਨ ਪ੍ਰਾਪਤ ਕਰਨਾ ਵਧੇਰੇ ਸੁਰੱਖਿਅਤ ਹੈ। ਲੱਖਾਂ ਕਨੇਡੀਅਨ ਲੋਕ ਟੀਕਾ ਲਗਵਾ ਚੁੱਕੇ ਹਨ ਅਤੇ ਟੀਕੇ ਸੁਰੱਖਿਅਤ ਸਾਬਿਤ ਹੋਏ ਹਨ। ਟੀਕਾ ਤੁਹਾਡੇ DNA ਨੂੰ **ਬਦਲ ਨਹੀਂ ਸਕਦਾ**।

ਜੇ ਤੁਹਾਡੀਆਂ ਐਲਰਜੀ ਵਾਲੀਆਂ ਪ੍ਰਤਿਕਿਰਿਆਵਾਂ, ਕਮਜ਼ੋਰ ਪ੍ਰਤਿਰੱਖਿਆ ਪ੍ਰਣਾਲੀ, ਜਾਂ ਗਰਭਵਤੀ ਹੋ, ਤਾਂ ਟੀਕਾ ਲਗਵਾਉਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸੰਪਰਕ ਕਰੋ।

19 TO ZERO

19toZero ਦੇ ਸਮਰਥਨ ਦੇ ਮੌਕਿਆਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ: info@19tozero.ca
ਟੀਕੇ ਬਾਰੇ ਨਵੀਨਤਮ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ: canada.ca/covidvaccine

# ਦੋ ਪੰਨੇ ਸੰਸਕਰਨ
# (ਅਗਲੀਆਂ ਦੋ ਸਲਾਈਡਾਂ)

# COVID-19 ਵੈਕਸੀਨ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ

**ਟੀਕਾਕਰਨ ਇਸ ਮਹਾਂਮਾਰੀ ਨੂੰ ਖਤਮ ਕਰਨ ਅਤੇ ਸਾਡੀ ਆਮ ਜ਼ਿੰਦਗੀ ਵਿੱਚ ਵਾਪਸ ਜਾਣ ਦਾ ਇਕੋ-ਇੱਕ ਤਰੀਕਾ ਹੈ।**
ਟੀਕੇ ਲਗਵਾ ਕੇ ਆਪਣੇ-ਆਪ ਨੂੰ, ਆਪਣੇ ਪਿਆਰਿਆਂ ਅਤੇ ਆਪਣੇ ਭਾਈਚਾਰੇ ਦੀ ਰੱਖਿਆ ਕਰੋ।

## ਮੈਨੂੰ ਟੀਕਾ ਕਿਉਂ ਲਗਵਾਉਣਾ ਚਾਹੀਦਾ ਹੈ?

COVID-19 ਦੀ ਲਾਗ ਦੇ ਨਤੀਜੇ ਵਜੋਂ ਕਿਸੇ ਵੀ ਉਮਰ ਦੇ ਬਿਮਾਰ ਅਤੇ ਸਿਹਤਮੰਦ ਲੋਕਾਂ ਦੀ ਮੌਤ ਹੋ ਸਕਦੀ ਹੈ।

ਭਾਵੇਂ ਜੇ ਕਿਸੇ ਵਿਅਕਤੀ ਦੀ COVID-19 ਕਰਕੇ ਮੌਤ ਨਹੀਂ ਹੁੰਦੀ ਹੈ, ਉਸ ਵਿੱਚ ਲੰਬੇ ਸਮੇਂ ਦੀਆਂ ਪੇਚੀਦਗੀਆਂ ਹੋ ਸਕਦੀਆਂ ਹਨ ਜਿਵੇਂ ਯਾਦਦਾਸ਼ਤ ਦੀ ਕਮੀ, ਥਕਾਵਟ, ਸਾਹ ਲੈਣ ਵਿੱਚ ਬਿਨਾਂ ਕਾਰਨ ਦੇ ਮੁਸ਼ਕਲ, ਅਤੇ ਫੇਫੜਿਆਂ ਅਤੇ ਦਿਲ ਨੂੰ ਨੁਕਸਾਨ। ਪਹਿਲਾਂ ਹੀ ਉਹਨਾਂ ਬਹੁਤ ਸਾਰੇ COVID-19 ਮਰੀਜ਼ਾਂ ਦੇ ਸਮਰਥਨ ਲਈ ਕਲੀਨਿਕ ਸਥਾਪਿਤ ਕੀਤੇ ਗਏ ਹਨ ਜੋ, ਹਾਲਾਂਕਿ ਇਸ ਵੇਲੇ ਲਾਗ-ਗ੍ਰਸਤ ਨਹੀਂ ਹਨ, ਕੰਮ 'ਤੇ ਵਾਪਸ ਨਹੀਂ ਜਾ ਸਕਦੇ ਹਨ ਜਾਂ ਸਧਾਰਨ ਜ਼ਿੰਦਗੀ ਜੀ ਨਹੀਂ ਸਕਦੇ ਹਨ।



## ਵੈਕਸੀਨ ਕਿਵੇਂ ਕੰਮ ਕਰਦੀ ਹੈ?

ਟੀਕਾ ਸਾਡੇ ਸਰੀਰ ਦੀ ਪ੍ਰਤਿਰੱਖਿਆ ਪ੍ਰਣਾਲੀ ਨੂੰ ਸਿਖਾਉਂਦਾ ਹੈ ਕਿ ਵਾਇਰਸ ਨਾਲ ਕਿਵੇਂ ਲੜਨਾ ਹੈ ਅਤੇ ਜੇ ਅਸੀਂ COVID-19 ਦੇ ਸੰਪਰਕ ਵਿੱਚ ਆਉਂਦੇ ਹਾਂ ਤਾਂ ਸਾਨੂੰ ਬਿਮਾਰ ਹੋਣ ਤੋਂ ਬਚਾਉਂਦਾ ਹੈ। ਵੈਕਸੀਨ ਕਰਕੇ ਸਾਨੂੰ COVID-19 ਨਹੀਂ ਹੋ ਸਕਦਾ ਹੈ।

## ਝੁੰਡ ਪ੍ਰਤਿਰੱਖਿਆ ਕੀ ਹੈ ਅਤੇ ਇਹ ਮਹੱਤਵਪੂਰਨ ਕਿਉਂ ਹੈ?

ਜੇ ਕਾਫ਼ੀ ਲੋਕਾਂ ਵਿੱਚ ਪ੍ਰਤਿਰੱਖਿਆ ਹੋਵੇ, ਤਾਂ ਵਾਇਰਸ ਦੇ ਫੈਲਣ ਦੀ ਸੰਭਾਵਨਾ ਘੱਟ ਹੁੰਦੀ ਹੈ। ਸਾਨੂੰ ਝੁੰਡ ਪ੍ਰਤਿਰੱਖਿਆ ਪ੍ਰਾਪਤ ਕਰਨ ਅਤੇ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਵਾਪਸ ਜਾਣ, ਕਾਰੋਬਾਰਾਂ ਨੂੰ ਦੁਬਾਰਾ ਖੋਲ੍ਹਣਾ, ਪਿਆਰਿਆਂ ਨੂੰ ਜੱਫੀ ਪਾਉਣ ਅਤੇ ਮਿਲਣ ਲਈ 70-80% ਆਬਾਦੀ ਨੂੰ ਟੀਕਾ ਲਗਾਉਣ ਦੀ ਲੋੜ ਹੈ।



## ਮੈਨੂੰ ਪਹਿਲਾਂ ਹੀ COVID-19 ਸੀ। ਕੀ ਮੈਨੂੰ ਫਿਰ ਵੀ ਟੀਕਾ ਲਗਵਾਉਣਾ ਚਾਹੀਦਾ ਹੈ?

ਭਾਵੇਂ ਤੁਹਾਨੂੰ ਪਹਿਲਾਂ COVID-19 ਸੀ, ਇਹ ਅਸਪਸ਼ਟ ਹੈ ਕਿ ਪ੍ਰਤਿਰੱਖਿਆ ਕਿੰਨੀ ਦੇਰ ਰਹੇਗੀ। ਕੀ COVID-19 ਦੁਬਾਰਾ ਹੋ ਸਕਦਾ ਹੈ। ਤੁਹਾਨੂੰ ਹਾਲੇ ਵੀ ਆਪਣੀ ਅਤੇ ਦੂਜਿਆਂ ਦੀ ਰੱਖਿਆ ਕਰਨ ਲਈ ਟੀਕਾ ਲਗਵਾਉਣਾ ਚਾਹੀਦਾ ਹੈ।

19 TO ZERO

19toZero ਦੇ ਸਮਰਥਨ ਦੇ ਮੌਕਿਆਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ: info@19tozero.ca
ਟੀਕੇ ਬਾਰੇ ਨਵੀਨਤਮ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ: canada.ca/covidvaccine

## ਮੈਨੂੰ ਟੀਕਾ ਲੱਗਣ ਤੋਂ ਬਾਅਦ ਬਿਮਾਰੀ ਤੋਂ ਸੁਰੱਖਿਅਤ ਬਣਨ ਵਿੱਚ ਕਿੰਨਾ ਸਮਾਂ ਲੱਗੇਗਾ?

ਟੀਕਾਕਰਨ ਤੋਂ ਬਾਅਦ ਸਰੀਰ ਨੂੰ ਪ੍ਰਤਿਰੱਖਿਆ ਦੇਣ ਲਈ ਦੂਜੀ ਖ਼ੁਰਾਕ ਤੋਂ ਬਾਅਦ 2 ਹਫ਼ਤਿਆਂ ਦਾ ਸਮਾਂ ਲੱਗਦਾ ਹੈ। ਕੋਈ ਵਿਅਕਤੀ ਟੀਕਾਕਰਨ ਤੋਂ ਠੀਕ ਪਹਿਲਾਂ ਜਾਂ ਥੋੜ੍ਹੀ ਦੇਰ ਬਾਅਦ ਵਾਇਰਸ ਨਾਲ ਲਾਗ-ਗ੍ਰਸਤ ਹੋ ਸਕਦਾ ਹੈ ਅਤੇ ਬਿਮਾਰ ਹੋ ਸਕਦਾ ਹੈ, ਕਿਉਂਕਿ ਵੈਕਸੀਨ ਨੂੰ ਸੁਰੱਖਿਆ ਮੁਹੱਈਆ ਕਰਨ ਲਈ ਲੋੜੀਂਦਾ ਸਮਾਂ ਨਹੀਂ ਮਿਲਿਆ ਸੀ।

## ਕੀ ਵੈਕਸੀਨ ਜਲਦਬਾਜ਼ੀ ਵਿੱਚ ਤਿਆਰ ਕੀਤੀ ਗਈ ਸੀ?

ਕੋਈ ਕਦਮ ਨਹੀਂ ਛੱਡਿਆ ਗਿਆ ਸੀ, ਅਤੇ ਸਾਰੀਆਂ ਸੁਰੱਖਿਆ ਪ੍ਰਕਿਰਿਆਵਾਂ ਦਾ ਪਾਲਣ ਕੀਤਾ ਗਿਆ ਸੀ। ਵੈਕਸੀਨਾਂ ਨੂੰ ਤਕਨੀਕੀ ਤਰੱਕੀਆਂ ਦੇ ਕਾਰਨ ਤੇਜ਼ੀ ਨਾਲ ਵਿਕਸਿਤ ਕੀਤਾ ਗਿਆ ਸੀ ਅਤੇ ਕਿਉਂਕਿ ਮਨਜ਼ੂਰੀ ਦੇ ਗੈਰ-ਡਾਕਟਰੀ ਹਿੱਸਿਆਂ ਨੂੰ (ਨੌਕਰਸ਼ਾਹੀ ਪ੍ਰਕਿਰਿਆਵਾਂ ਅਤੇ ਰਬੜ-ਮੋਹਰਾਂ) ਤੇਜ਼ੀ ਨਾਲ ਟਰੈਕ ਕੀਤਾ ਗਿਆ ਸੀ।



## ਕੀ ਮਾੜੇ ਪ੍ਰਭਾਵ ਹੁੰਦੇ ਹਨ?

COVID-19 ਟੀਕੇ ਦੇ ਮਾੜੇ ਪ੍ਰਭਾਵ ਹੋ ਸਕਦੇ ਹਨ, ਪਰ ਉਹ ਹਲਕੇ ਹੁੰਦੇ ਹਨ ਅਤੇ ਕੁਝ ਦਿਨਾਂ ਵਿੱਚ ਚਲੇ ਜਾਂਦੇ ਹਨ। ਸਭ ਤੋਂ ਆਮ ਮਾੜੇ ਪ੍ਰਭਾਵ ਹਨ ਮਾਸਪੇਸ਼ੀਆਂ ਵਿੱਚ ਦਰਦ, ਸਿਰ-ਦਰਦ, ਅਤੇ ਬੁਖ਼ਾਰ/ਠੰਡ।

ਟੀਕਾਕਰਨ ਤੋਂ ਬਾਅਦ ਕਿਸੇ ਵੀ ਸੰਭਾਵੀ ਐਲਰਜੀ ਵਾਲੀ ਪ੍ਰਤਿਕਿਰਿਆ ਲਈ ਤੁਹਾਡੀ ਨਿਗਰਾਨੀ ਕੀਤੀ ਜਾਵੇਗੀ।



## ਕੀ ਵੈਕਸੀਨ ਸੁਰੱਖਿਅਤ ਹੈ?

ਟੀਕਾਕਰਨ ਸੁਰੱਖਿਅਤ ਹੈ। COVID-19 ਹੋਣ ਅਤੇ ਸੰਭਾਵੀ ਤੌਰ 'ਤੇ ਲੰਬੇ ਸਮੇਂ ਦੇ ਮਾੜੇ ਪ੍ਰਭਾਵਾਂ ਦਾ ਸਾਹਮਣਾ ਕਰਨ ਨਾਲੋਂ ਟੀਕਾਕਰਨ ਪ੍ਰਾਪਤ ਕਰਨਾ ਵਧੇਰੇ ਸੁਰੱਖਿਅਤ ਹੈ। ਲੱਖਾਂ ਕਨੇਡੀਅਨ ਲੋਕ ਟੀਕਾ ਲਗਵਾ ਚੁੱਕੇ ਹਨ ਅਤੇ ਟੀਕੇ ਸੁਰੱਖਿਅਤ ਸਾਬਿਤ ਹੋਏ ਹਨ। ਟੀਕਾ ਤੁਹਾਡੇ **DNA ਨੂੰ ਬਦਲ ਨਹੀਂ ਸਕਦਾ**।

ਜੇ ਤੁਹਾਡੀਆਂ ਐਲਰਜੀ ਵਾਲੀਆਂ ਪ੍ਰਤਿਕਿਰਿਆਵਾਂ, ਕਮਜ਼ੋਰ ਪ੍ਰਤਿਰੱਖਿਆ ਪ੍ਰਣਾਲੀ, ਜਾਂ ਗਰਭਵਤੀ ਹੋ, ਤਾਂ ਟੀਕਾ ਲਗਵਾਉਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸੰਪਰਕ ਕਰੋ।

## ਕੀ ਟੀਕਾ ਲਗਵਾਉਣ ਦੇ ਬਾਅਦ ਵੀ ਮੈਨੂੰ ਮਾਸਕ ਪਹਿਨਣਾ ਅਤੇ ਦੂਰੀ ਬਣਾ ਕੇ ਰੱਖਣੀ ਪਵੇਗੀ?

ਹਾਂ। ਜਨਤਕ ਸਿਹਤ ਦੇ ਉਪਾਵਾਂ ਦਾ ਅਭਿਆਸ ਕਰਨਾ ਹਾਲੇ ਵੀ ਮਹੱਤਵਪੂਰਨ ਹੈ ਜਦੋਂ ਤੱਕ ਜ਼ਿਆਦਾਤਰ ਲੋਕਾਂ ਨੂੰ ਟੀਕਾ ਨਹੀਂ ਲਗਾਇਆ ਜਾਂਦਾ।

19 TO ZERO

19toZero ਦੇ ਸਮਰਥਨ ਦੇ ਮੌਕਿਆਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ: info@19tozero.ca
ਟੀਕੇ ਬਾਰੇ ਨਵੀਨਤਮ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ: canada.ca/covidvaccine